# ਘਰੇਲੂ ਸੇਵਾਵਾਂ ਉਦਯੋਗ: ਹੋਮ ਕੇਅਰ ਕਰਮਚਾਰੀ COVID-19 ਸੰਬੰਧੀ ਜ਼ਰੂਰਤਾਂ

ਇਹ ਦਸਤਾਵੇਜ਼ ਘਰੇਲੂ ਸੇਵਾਵਾਂ ਉਦਯੋਗ ਲਈ ਲਾਗੂ ਹੁੰਦਾ ਹੈ ਅਤੇ ਖਾਸ ਤੌਰ 'ਤੇ ਹੋਮ ਕੇਅਰ ਕਰਮਚਾਰੀਆਂ ਲਈ ਹੈ। ਇਸ ਦਸਤਾਵੇਜ਼ ਦੇ ਉਦੇਸ਼ ਲਈ, ਘਰੇਲੂ ਸੇਵਾ ਕਰਮਚਾਰੀ ਕੋਈ ਵੀ ਕਰਮਚਾਰੀ ਹੈ ਜਿਸ ਨੂੰ ਇੱਕ ਜਾਂ ਵੱਧ ਰੁਜ਼ਗਾਰਦਾਤਾ ਵੱਲੋਂ ਭੁਗਤਾਨ ਕੀਤਾ ਜਾਂਦਾ ਹੈ ਅਤੇ ਜੋ ਇੱਕ ਹੋਮ ਕੇਅਰ ਕਰਮਚਾਰੀ ਵਜੋਂ ਕਿਸੇ ਵਿਅਕਤੀ ਜਾਂ ਪਰਿਵਾਰ ਨੂੰ ਇੱਕ ਪ੍ਰਾਈਵੇਟ ਘਰ ਵਿੱਚ ਘਰੇਲੂ ਸੇਵਾਵਾਂ ਪ੍ਰਦਾਨ ਕਰਦਾ ਹੈ। ਘਰੇਲੂ ਸੇਵਾ ਦੇ ਕਰਮਚਾਰੀ ਵਿੱਚ ਘੰਟਿਆਂ ਮੁਤਾਬਕ ਕੰਮ ਕਰਨ ਵਾਲੇ ਅਤੇ ਤਨਖ਼ਾਹ ਵਾਲੇ ਕਰਮਚਾਰੀ, ਸੁਤੰਤਰ ਠੇਕੇਦਾਰ ਜੋ ਨਿੱਜੀ ਕਿਰਤ ਮੁਹੱਈਆ ਕਰਦੇ ਹਨ, ਫੁਲ-ਟਾਈਮ ਅਤੇ ਪਾਰਟ-ਟਾਈਮ ਕਰਮਚਾਰੀ, ਅਤੇ ਅਸਥਾਈ ਕਰਮਚਾਰੀ ਸ਼ਾਮਲ ਹਨ। ਰੁਜ਼ਗਾਰਦਾਤਾ ਵਿੱਚ ਨਿਯੁਕਤੀ ਇਕਾਈ, ਵਿਅਕਤੀ, ਘਰ, ਅਤੇ ਰੁਜ਼ਗਾਰਦਾਤਾ (ਉਦਾਹਰਨ ਲਈ, ਉਹ ਕਾਰੋਬਾਰ ਜੋ ਸਿੱਧੀਆਂ ਸੇਵਾਵਾਂ ਮੁਹੱਈਆ ਕਰਦੇ ਹਨ, ਜਿੰਨ੍ਹਾਂ ਵਿੱਚ ਰੁਜ਼ਗਾਰ ਏਜੰਸੀਆਂ ਅਤੇ ਔਨਲਾਈਨ ਮੰਚ ਸ਼ਾਮਲ ਹਨ) ਜੋ ਪ੍ਰਤੱਖ ਜਾਂ ਅਪ੍ਰਤੱਖ ਤੌਰ 'ਤੇ ਇੱਕ ਹੋਮ ਕੇਅਰ ਕਰਮਚਾਰੀ ਵਜੋਂ ਸੇਵਾਵਾਂ ਮੁਹੱਈਆ ਕਰਨ ਲਈ ਇੱਕ ਘਰੇਲੂ ਕਰਮਚਾਰੀ ਨੂੰ ਭੁਗਤਾਨ ਕਰਦੇ ਹਨ। ਜਿੱਥੇ ਵੀ ਇੱਕ ਤੋਂ ਵੱਧ ਰੁਜ਼ਗਾਰਦਾਤਾ ਹੋਵੇ, ਤਾਂ ਜ਼ਰੂਰਤਾਂ ਹਰੇਕ ਰੁਜ਼ਗਾਰਦਾਤਾ/ਕਰਮਚਾਰੀ ਰੁਜ਼ਗਾਰਦਾਤਾ ਸੰਬੰਧ 'ਤੇ ਲਾਗੂ ਹੁੰਦੀਆਂ ਹਨ।

ਹੋਰ ਘਰੇਲੂ ਕਰਮਚਾਰੀ ਵੱਖਰੀਆਂ ਸੇਧਾਂ ਵਿੱਚ ਕਵਰ ਹਨ ਕਿਉਂਕਿ ਉਹਨਾਂ ਦਾ ਕੰਮ ਗਵਰਨਰ ਦੇ ਘੋਸ਼ਣਾ-ਪੱਤਰ 20-05 ਦੇ ਵਿੱਚ ਲਾਜ਼ਮੀ ਪਰਿਭਾਸ਼ਿਤ ਨਹੀਂ ਕੀਤਾ ਗਿਆ ਸੀ। ਹੋਮ ਕੇਅਰ ਕਰਮਚਾਰੀ ਉਹ ਹਨ, ਜੋ ਕਿਸੇ ਨਿੱਜੀ ਘਰ ਦੇ ਵਿੱਚ ਜਾਂ ਉਸ ਦੁਆਲੇ, ਉਹਨਾਂ ਲੋਕਾਂ ਨੂੰ ਨਿੱਜੀ ਦੇਖਭਾਲ ਸੇਵਾਵਾਂ ਮੁਹੱਈਆ ਕਰਦੇ ਹਨ ਜਿੰਨ੍ਹਾਂ ਨੂੰ ਕਾਰਜਾਤਮਕ ਅਯੋਗਤਾਵਾਂ ਹਨ, ਜਾਂ ਜੋ ਬਿਮਾਰ, ਬਜ਼ੁਰਗ, ਜਾਂ ਜੋਖਮ ਅਧੀਨ ਹਨ, ਅਤੇ ਉਹਨਾਂ ਦੀ "ਰੋਜ਼ਾਨਾ ਜੀਵਨ ਦੇ ਕੰਮ", ਜਿਵੇਂ ਕਿ ਖਾਣ, ਨਹਾਉਣ, ਅਤੇ ਕੱਪੜੇ ਪਵਾਉਣ ਵਿੱਚ ਮਦਦ ਕਰਦੇ ਹਨ। ਰੋਜ਼ਾਨਾ ਦੇ ਜੀਵਨ ਦੀਆਂ ਗਤੀਵਿਧੀਆਂ ਦੇ ਵਿੱਚ ਮਦਦ ਕਰਾਉਣ ਦੇ ਨਾਲ-ਨਾਲ, ਹੋਮ ਕੇਅਰ ਕਰਮਚਾਰੀ "ਰੋਜ਼ਾਨਾ ਦੇ ਜੀਵਨ ਦੀਆਂ ਸਹਾਇਕ ਗਤੀਵਿਧੀਆਂ" ਵਿੱਚ ਵੀ ਮਦਦ ਕਰ ਸਕਦੇ ਹਨ, ਜਿੰਨ੍ਹਾਂ ਨਾਲ ਵਿਅਕਤੀਆਂ ਨੂੰ ਇੱਕ ਭਾਈਚਾਰੇ ਵਿੱਚ ਸੁਤੰਤਰ ਤੌਰ 'ਤੇ ਰਹਿਣ ਦੀ ਇਜਾਜ਼ਤ ਮਿਲਦੀ ਹੈ। ਹੋਮ ਕੇਅਰ ਕਰਮਚਾਰੀਆਂ ਵਿੱਚ ਸ਼ਾਮਲ ਹਨ, ਪਰ ਇਹਨਾਂ ਤੱਕ ਹੀ ਸੀਮਿਤ ਨਹੀਂ, ਉਹ ਕਰਮਚਾਰੀ ਜੋ RCW 18.88B ਦੇ ਤਹਿਤ ਰਾਜ ਦੇ Department of Health ਵੱਲੋਂ ਪ੍ਰਮਾਣਿਤ ਹਨ।

ਹੋਮ ਕੇਅਰ ਕਰਮਚਾਰੀਆਂ ਵੱਲੋਂ ਕੀਤੇ ਜਾਂਦੇ ਕੰਮ ਨੂੰ ਗਵਰਨਰ ਦੇ ਘੋਸ਼ਣਾ-ਪੱਤਰ 20-05 ਦੇ ਤਹਿਤ ਲਾਜ਼ਮੀ ਮੰਨਿਆ ਗਿਆ ਸੀ ਅਤੇ ਇਸ ਲਈ COVID-19 ਮਹਾਂਮਾਰੀ ਦੇ ਦੌਰਾਨ ਬਹੁਤੀਆਂ ਸੇਵਾਵਾਂ ਬਰਕਰਾਰ ਰਹੀਆਂ ਹਨ। ਸਿਹਤ ਅਤੇ ਸੁਰੱਖਿਆ ਜ਼ਰੂਰਤਾਂ ਰੁਜ਼ਗਾਰਦਾਤਾਵਾਂ ਅਤੇ ਵਿਅਕਤੀਗਤ ਹੋਮ ਕੇਅਰ ਕਰਮਚਾਰੀਆਂ ਵੱਲੋਂ ਹੇਠਾਂ ਦੱਸੇ ਮੁਤਾਬਕ ਪਾਲਣਾ ਕੀਤੇ ਜਾਣ ਲਈ ਹਨ।

ਇਸ ਹੱਦ ਤੱਕ ਕਿ ਇਹ ਨਿਯਮ ਕਿਸੇ ਇਕੱਲੇ ਕਰਮਚਾਰੀ ਦੇ ਰੁਜ਼ਗਾਰਦਾਤਾ 'ਤੇ *ਪੂਰੀ ਤਰ੍ਹਾਂ* ਲਾਗੂ ਨਾ ਹੋਣ, ਇਹਨਾਂ ਦੀ ਅਜਿਹੇ ਰੁਜ਼ਗਾਰਦਾਤਾ ਵੱਲੋਂ ਪਾਲਣਾ ਕੀਤੇ ਜਾਣ ਦੀ ਜ਼ਰੂਰਤ ਨਹੀਂ ਹੈ।

ਇਹ ਸਵੀਕਾਰ ਕੀਤਾ ਜਾਂਦਾ ਹੈ ਕਿ ਘਰੇਲੂ ਸੇਵਾ ਉਦਯੋਗ ਵਿੱਚ ਕਰਮਚਾਰੀ ਕੰਮ ਕਰਨ ਤੋਂ ਇਨਕਾਰ ਕਰਨ, ਭੁਗਤਾਨਯੋਗ ਛੁੱਟੀ ਪਾਉਣ, ਅਤੇ ਬੇਰੁਜ਼ਗਾਰੀ ਲਾਭ ਪ੍ਰਾਪਤ ਕਰਨ ਦੀ ਉਹਨਾਂ ਦੀ ਯੋਗਤਾ ਵਿੱਚ ਬੇਮੇਲਵੇਂ ਢੰਗ ਨਾਲ ਸੀਮਾਵਾਂ ਦਾ ਸਾਮ੍ਹਣਾ ਕਰਨਗੇ। ਰੁਜ਼ਗਾਰ ਦੀਆਂ ਸਾਰੀਆਂ ਸਥਿਤੀਆਂ ਵਿੱਚ, ਰੁਜ਼ਗਾਰਦਾਤਾਵਾਂ ਨੂੰ ਕਰਮਚਾਰੀ ਸੁਰੱਖਿਆਵਾਂ ਪ੍ਰਤੀ ਪਹੁੰਚ ਵਿੱਚ ਉਹਨਾਂ ਦੇ ਕਰਮਚਾਰੀਆਂ ਨੂੰ ਹੋ ਸਕਣ ਵਾਲੀਆਂ ਸੀਮਾਵਾਂ ਬਾਰੇ ਪਤਾ ਹੋਣਾ ਚਾਹੀਦਾ ਹੈ।

## ਸੁਰੱਖਿਆ ਅਤੇ ਸਿਹਤ ਸੰਬੰਧੀ ਜ਼ਰੂਰਤਾਂ

ਸਾਰੇ ਘਰੇਲੂ ਸੇਵਾ ਦੇ ਰੁਜ਼ਗਾਰਦਾਤਾਵਾਂ ਦੀ ਇੱਕ ਆਮ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਰਾਜ ਅਤੇ ਸੰਘੀ ਕਾਨੂੰਨ ਅਤੇ ਨਿਯਮਾਂ ਦੇ ਮੁਤਾਬਕ ਇੱਕ ਸੁਰੱਖਿਅਤ ਅਤੇ ਸਿਹਤਮੰਦ ਕਾਰਜਸਥਾਨ ਨੂੰ ਬਣਾ ਕੇ ਰੱਖਣ। ਇਸ ਤੋਂ ਇਲਾਵਾ, ਉਹਨਾਂ ਨੂੰ ਲਾਜ਼ਮੀ ਤੌਰ 'ਤੇ, ਗਵਰਨਰ ਦੇ "Safe Start" ਘੋਸ਼ਣਾ-ਪੱਤਰ 20-25.4 ਵਿੱਚ ਦੱਸੇ ਮੁਤਾਬਕ, ਅਤੇ L&I ਦੀਆਂ ਕਾਰਜਖੇਤਰਾਂ ਲਈ ਸਧਾਰਨ ਜ਼ਰੂਰਤਾਂ ਅਤੇ ਰੋਕਥਾਮ ਸੰਬੰਧੀ ਸੁਝਾਵਾਂ ਦੇ ਮੁਤਾਬਕ, COVID-19 ਦੇ ਹੇਠ ਲਿਖੇ ਕਾਰਜ ਸਥਾਨ-ਵਿਸ਼ੇਸ਼ ਸੁਰੱਖਿਆ ਅਭਿਆਸਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਵਾਸ਼ਿੰਗਟਨ ਰਾਜ ਦੇ Department of Health ਅਤੇ ਵਾਸ਼ਿੰਗਟਨ ਰਾਜ ਦੇ Department of Social and Health Services ਨੇ ਕਰਮਚਾਰੀਆਂ ਲਈ ਸੁਰੱਖਿਆ ਸੇਧਾਂ ਸੰਬੰਧੀ ਦਸਤਾਵੇਜ਼ ਤਿਆਰ ਕੀਤੇ ਹਨ:

- [ਘਰ ਵਿਚਲੇ ਦੇਖਭਾਲ ਪ੍ਰਦਾਤਿਆਂ ਦੇ ਲਈ ਵਾਸ਼ਿੰਗਟਨ ਰਾਜ ਦੇ Department of Health ਦੀਆਂ ਸਿਫਾਰਿਸ਼ਾਂ]
- [COVID-19 ਦੇ ਪ੍ਰਕੋਪ ਦੇ ਦੌਰਾਨ ਸੁਰੱਖਿਅਤ ਦੇਖਭਾਲ ਮੁਹੱਈਆ ਕਰਨ ਲਈ ਵਾਸ਼ਿੰਗਟਨ ਰਾਜ ਦੇ Department of Social and Health Services ਵੱਲੋਂ ਵਿਅਕਤੀਗਤ ਪ੍ਰਦਾਤਿਆਂ (IPs) ਲਈ ਸੇਧਾਂ]

ਰੁਜ਼ਗਾਰਦਾਤਾ ਜਾਂ ਸਹਿ-ਰੁਜ਼ਗਾਰਦਾਤਾ ਜੋ ਪ੍ਰਸ਼ਾਸਕੀ ਕਾਰਜ ਕਰਦੇ ਹਨ, ਜਿਵੇਂ ਕਿ ਹੋਮ ਕੇਅਰ ਏਜੰਸੀਆਂ ਅਤੇ ਵਾਸ਼ਿੰਗਟਨ ਰਾਜ, ਨੂੰ ਕਰਮਚਾਰੀਆਂ ਦੀ ਸੁਰੱਖਿਆ ਲਈ COVID-19 ਦੀਆਂ ਜ਼ਰੂਰਤਾਂ ਅਤੇ ਸੇਧਾਂ ਦੀ ਪਾਲਣਾ ਕਰਨੀ ਚਾਹੀਦੀ ਹੈ, ਜਿਸ ਵਿੱਚ ਸ਼ਾਮਲ ਹਨ:

- ਕਰਮਚਾਰੀਆਂ ਨੂੰ ਕੋਰੋਨਾਵਾਇਰਸ ਬਾਰੇ ਅਤੇ ਇਸ ਦੇ ਫੈਲਣ ਨੂੰ ਕਿਵੇਂ ਰੋਕਣਾ ਹੈ ਅਤੇ ਰੁਜ਼ਗਾਰਦਾਤਾਵਾਂ ਦੀਆ COVID-19 ਦੀਆਂ ਨੀਤੀਆਂ ਦੇ ਬਾਰੇ ਉਹਨਾਂ ਵੱਲੋਂ ਸਭ ਤੋਂ ਵਧੀਆ ਢੰਗ ਨਾਲ ਸਮਝੀ ਜਾਣ ਵਾਲੀ ਭਾਸ਼ਾ ਵਿੱਚ ਸਿੱਖਿਅਤ ਕਰਨਾ।
- ਜਿੰਨਾਂ ਵੱਧ ਤੋਂ ਵੱਧ ਹੋ ਸਕੇ, ਸਾਰੀਆਂ ਗੱਲਬਾਤਾਂ ਦੇ ਵਿੱਚ ਸਾਰੇ ਕਰਮਚਾਰੀਆਂ ਅਤੇ ਗਾਹਕਾਂ ਦੇ ਵਿਚਕਾਰ ਛੇ ਫੁੱਟ ਦੀ ਦੂਰੀ ਬਣਾ ਕੇ ਰੱਖਣਾ। ਜਦੋਂ ਕਿਸੇ ਖਾਸ ਕੰਮ ਲਈ ਸਖ਼ਤੀ ਨਾਲ ਸਰੀਰਕ ਦੂਰੀ ਬਣਾ ਕੇ ਰੱਖਣੀ ਸੰਭਵ ਨਹੀਂ ਹੈ, ਤਾਂ ਹੋਰ ਰੋਕਥਾਮ ਉਪਰਾਲਿਆਂ ਦੀ ਵਰਤੋਂ ਕੀਤੀ ਜਾ ਸਕਦੀ ਹੈ, ਜਿਵੇਂ ਕਿ ਬੈਰੀਅਰਾਂ ਦੀ ਵਰਤੋਂ, ਤੰਗ ਜਾਂ ਬੰਦ ਖੇਤਰਾਂ ਵਿੱਚ ਸਟਾਫ ਜਾਂ ਗਾਹਕਾਂ ਦੀ ਗਿਣਤੀ ਨੂੰ ਘੱਟ ਤੋਂ ਘੱਟ ਕਰਨਾ, ਅਤੇ ਬ੍ਰੇਕਾਂ ਅਤੇ ਕੰਮ ਦੀ ਸ਼ਿਫਟ ਦੇ ਸ਼ੁਰੂ ਹੋਣ ਦੇ ਸਮੇਂ ਨੂੰ ਬਦਲ-ਬਦਲ ਕੇ ਰੱਖਣਾ।
- ਕਰਮਚਾਰੀ ਨੂੰ ਬਿਨਾਂ ਕਿਸੇ ਖਰਚੇ ਦੇ ਕੀਤੇ ਜਾਣ ਵਾਲੇ ਕੰਮ ਦੇ ਲਈ ਉਚਿਤ ਨਿੱਜੀ ਸੁਰੱਖਿਆਤਮਕ ਉਪਕਰਨ (PPE), ਜਿਵੇਂ ਕਿ ਦਸਤਾਨੇ, ਐਣਕਾਂ, ਚਿਹਰੇ ਲਈ ਸ਼ੀਲਡਾਂ ਅਤੇ ਚਿਹਰੇ ਦੇ ਮਾਸਕ ਦੇਣਾ ਅਤੇ ਉਹਨਾਂ ਲਈ ਇਹਨਾਂ ਦੀ ਵਰਤੋਂ ਨੂੰ ਲਾਜ਼ਮੀ ਬਣਾਉਣਾ। ਵਾਧੂ ਵੇਰਵਿਆਂ ਲਈ [ਕੋਰੋਨਾਵਾਇਰਸ ਮੂੰਹ ਨੂੰ ਢਕਣ ਅਤੇ ਮਾਸਕ ਦੀਆਂ ਜ਼ਰੂਰਤਾਂ] ਦੇਖੋ। COVID ਪਾਜ਼ਿਟਿਵ ਜਾਂ ਇਸ ਦੇ ਲੱਛਣਾਂ ਵਾਲੇ ਕਲਾਇੰਟਾਂ ਨੂੰ ਸੇਵਾ ਮੁਹੱਈਆ ਕਰ ਰਹੇ ਹੋਮ ਕੇਅਰ ਕਰਮਚਾਰੀ ਨੂੰ ਪਹਿਲਾਂ ਤੋਂ ਹੀ "ਬਹੁਤ ਹੀ ਉੱਚ ਜੋਖਮ" ਵਾਲੀ ਸਥਿਤੀ ਵਿੱਚ ਮੰਨਿਆ ਜਾਂਦਾ ਹੈ ਅਤੇ ਉਹਨਾਂ ਨੂੰ ਲਾਜ਼ਮੀ ਤੌਰ 'ਤੇ ਉਚਿਤ PPE ਮੁਹੱਈਆ ਕਰਵਾਈ ਜਾਣੀ ਚਾਹੀਦੀ ਹੈ। ਉਹ ਹੋਮ ਕੇਅਰ ਕਰਮਚਾਰੀ ਜੋ ਇਸ ਬਿਮਾਰੀ ਦੇ ਲੱਛਣਾਂ ਵਾਲੇ ਗਾਹਕਾਂ ਨੂੰ ਦੇਖਭਾਲ ਮੁਹੱਈਆ ਕਰ ਰਹੇ ਹਨ, ਉਹਨਾਂ ਨੂੰ "ਦਰਮਿਆਨੇ ਜੋਖਮ" ਦੀ ਸ਼੍ਰੇਣੀ ਵਿੱਚ ਮੰਨਿਆ ਜਾਂਦਾ ਹੈ ਅਤੇ ਉਹਨਾਂ ਨੂੰ ਸਰਜੀਕਲ ਮਾਸਕ, ਅਤੇ ਨਾਲ ਹੀ ਸਥਿਤੀ 'ਤੇ ਨਿਰਭਰ ਕਰਦੇ ਹੋਏ ਸੰਭਵ ਤੌਰ 'ਤੇ ਵਾਧੂ PPE ਵੀ ਮੁਹੱਈਆ ਕੀਤੇ ਜਾਣੇ ਚਾਹੀਦੇ ਹਨ। ਇਸ ਤੋਂ ਅਲਾਵਾ, ਮੂੰਹ ਨੂੰ ਢਕਣ ਵਾਲੇ ਕੱਪੜੇ ਰੁਜ਼ਗਾਰਦਾਤਾਵਾਂ ਵੱਲੋਂ ਮੁਹੱਈਆ ਕੀਤੇ ਜਾਣੇ ਚਾਹੀਦੇ ਹਨ ਅਤੇ ਹਰ ਉਸ ਕਰਮਚਾਰੀ ਵੱਲੋਂ ਪਹਿਣੇ ਜਾਣੇ ਚਾਹੀਦੇ ਹਨ ਜੋ ਇਕੱਲਾ ਕੰਮ ਨਹੀਂ ਕਰ ਰਿਹਾ ਹੋਵੇ ਜਾਂ ਜਦੋਂ ਉਹ ਭਾਈਚਾਰੇ ਵਿੱਚ ਕੰਮ ਕਰ ਰਿਹਾ ਹੋਵੇ, ਬਸ਼ਰਤੇ ਕਿ ਉਹਨਾਂ ਦਾ ਸੰਪਰਕ Department of Labor & Industries ਦੇ ਸਿਹਤ ਅਤੇ ਸੁਰੱਖਿਆ ਨਿਯਮਾਂ ਅਤੇ ਸੇਧਾਂ ਦੇ ਤਹਿਤ ਉੱਚ ਪੱਧਰ ਦੀ ਸੁਰੱਖਿਆ ਨੂੰ ਦਰਸਾਉਂਦਾ ਹੋਵੇ। [Department of Health ਦੀਆਂ ਸੇਧਾਂ] ਵਿੱਚ ਮੂੰਹ ਲਈ ਕੱਪੜੇ ਦੇ ਕਵਰ ਦੀ ਪਰਿਭਾਸ਼ਾ ਦਿੱਤੀ ਗਈ ਹੈ। ਮੂੰਹ ਲਈ ਕੱਪੜੇ ਦਾ ਕਵਰ ਪਹਿਨਣ ਦੀ ਇਸ ਜ਼ਰੂਰਤ ਦੇ ਅਪਵਾਦ ਵਿੱਚ ਸ਼ਾਮਲ ਹਨ, ਜਦੋਂ ਕਿਸੇ ਦਫ਼ਤਰ, ਵਾਹਨ, ਜਾਂ ਨੌਕਰੀ ਸਥਾਨ ਵਿਖੇ ਇਕੱਲੇ ਕੰਮ ਕੀਤਾ ਜਾ ਰਿਹਾ ਹੋਵੇ; ਜੇਕਰ ਵਿਅਕਤੀ ਬਹਿਰਾ ਹੋਵੇ ਜਾਂ ਉਸ ਨੂੰ ਉੱਚਾ ਸੁਣਦਾ ਹੋਵੇ, ਅਤੇ ਕਿਸੇ ਅਜਿਹੇ ਵਿਅਕਤੀ ਨਾਲ ਗੱਲ ਕਰ ਰਿਹਾ ਹੋਵੇ ਜੋ ਸੰਵਾਦ ਦੇ ਹਿੱਸੇ ਵਜੋਂ ਭਾਸ਼ਾ ਸੰਕੇਤਾਂ ਜਿਵੇਂ ਕਿ ਮੂੰਹ ਦੇ ਚਿੰਨ੍ਹਾਂ ਅਤੇ ਇਸ਼ਾਰਿਆਂ 'ਤੇ ਨਿਰਭਰ ਹੋਵੇ; ਜੇਕਰ ਵਿਅਕਤੀ ਨੂੰ ਕੋਈ ਸਰੀਰਕ ਸਮੱਸਿਆ ਜਾਂ ਅਯੋਗਤਾ ਹੋਵੇ ਜੋ ਕਿ ਕੱਪੜੇ ਨਾਲ ਮੂੰਹ ਨੂੰ ਢਕਣ ਨੂੰ ਅਨੁਚਿਤ ਬਣਾਵੇ; ਜਾਂ ਜੇਕਰ ਨੌਕਰੀ ਵਿੱਚ ਕਿਸੇ ਵੀ ਵਿਅਕਤੀ ਦੇ ਨਾਲ ਆਮ੍ਹਣੇ-ਸਾਮ੍ਹਣੇ ਦਾ ਸੰਪਰਕ ਨਾ ਹੋਵੇ।

ਰੁਜ਼ਗਾਰਦਾਤਾ ਨੂੰ ਕਰਮਚਾਰੀਆਂ ਦੀ ਰੱਖਿਆ ਕਰਨ ਲਈ ਲਾਜ਼ਮੀ ਤੌਰ 'ਤੇ COVID-19 ਦੀਆਂ ਜ਼ਰੂਰਤਾਂ ਅਤੇ ਸੇਧਾਂ ਦੀ ਪਾਲਣਾ ਕਰਨੀ ਚਾਹੀਦੀ ਹੈ ਜਿਸ ਵਿੱਚ ਹੇਠ ਲਿਖੇ ਵੀ ਸ਼ਾਮਲ ਹਨ। ਵਿਅਕਤੀਗਤ ਗਾਹਕਾਂ ਵੱਲੋਂ ਨਿਯੁਕਤ ਕੀਤੇ ਹੋਮ ਕੇਅਰ ਕਰਮਚਾਰੀਆਂ ਨੂੰ DSHS ਦੇ ਰਾਹੀਂ ਭੁਗਤਾਨ ਕੀਤਾ ਜਾਂਦਾ ਹੈ ਕਿਉਂਕਿ ਵਿਅਕਤੀਗਤ ਪ੍ਰਦਾਤਾ ਨੂੰ ਕਲਾਇੰਟ-ਰੁਜ਼ਗਾਰਦਾਤਾ ਵੱਲੋਂ ਚੁਣਿਆ, ਸਮਾਂਬੱਧ ਕੀਤਾ ਅਤੇ ਨਿਗਰਾਨੀ ਵਿੱਚ ਰੱਖਿਆ ਜਾਂਦਾ ਹੈ। ਇਹਨਾਂ ਮਾਮਲਿਆਂ ਵਿੱਚ, DSHS ਇਸ ਸੰਬੰਧ ਵਿੱਚ ਸੇਧਾਂ ਜਾਰੀ ਕਰਦਾ ਹੈ ਕਿ COVID ਦੀ ਲਾਗ ਅਤੇ ਫੈਲਾਅ ਨੂੰ ਕਿਵੇਂ ਰੋਕਣਾ ਹੈ:

- ਵਾਰ-ਵਾਰ ਅਤੇ ਚੰਗੀ ਤਰ੍ਹਾਂ ਹੱਥ ਧੋਣ ਅਤੇ ਰਾਸ਼ਨ ਪਾਣੀ ਅਤੇ ਹੋਰ ਸਮਾਨ ਰੱਖਣਾ ਯਕੀਨੀ ਬਣਾਓ। ਔਜ਼ਾਰਾਂ ਅਤੇ ਸਾਂਝੇ ਕੀਤੇ ਜਾਣ ਵਾਲੇ ਹੋਰ ਸਮਾਨ 'ਤੇ ਵਾਇਰਸ ਦੇ ਫੈਲਣ ਨੂੰ ਰੋਕਣ ਲਈ ਜਿੱਥੇ ਸੁਰੱਖਿਅਤ ਅਤੇ ਮੁਮਕਿਨ ਹੋਵੇ, ਡਿਸਪੋਜ਼ੇਬਲ ਦਸਤਾਨਿਆਂ ਦੀ ਵਰਤੋਂ ਕਰੋ।
- ਆਮ ਤੌਰ 'ਤੇ ਹੱਥ ਲੱਗਣ ਵਾਲੀਆਂ ਸਤ੍ਹਾਵਾਂ ਨੂੰ ਵਾਰ-ਵਾਰ ਸਾਫ ਅਤੇ ਰੋਗਾਣੂ-ਮੁਕਤ ਕਰਨਾ ਯਕੀਨੀ ਬਣਾਓ।

- ਕਰਮਚਾਰੀਆਂ ਅਤੇ ਕਲਾਇੰਟਾਂ ਦੀ ਉਹਨਾਂ ਦੀ ਸ਼ਿਫਟ ਦੇ ਸ਼ੁਰੂਆਤ ਵਿੱਚ COVID-19 ਦੇ ਚਿੰਨ੍ਹਾਂ/ਲੱਛਣਾਂ ਲਈ ਜਾਂਚ ਕਰਨੀ। ਹੋਮ ਕੇਅਰ ਕਰਮਚਾਰੀਆਂ ਨੂੰ ਘਰ ਰਹਿਣਾ ਚਾਹੀਦਾ ਹੈ ਜਾਂ ਜੇ ਬਿਮਾਰ ਮਹਿਸੂਸ ਕਰਨ ਜਾਂ ਦਿਖਣ, ਤਾਂ ਤੁਰੰਤ ਘਰ ਚਲੇ ਜਾਣਾ ਚਾਹੀਦਾ ਹੈ। ਕਿਸੇ ਵੀ ਗੈਰ-ਰਿਹਾਇਸ਼ੀ ਰੁਜ਼ਗਾਰਦਾਤਾ ਦੇ ਦਫ਼ਤਰ ਵਾਲੇ ਖੇਤਰਾਂ ਦੀ ਨਾਕਾਬੰਦੀ ਕਰੋ ਜਿਸ ਵਿੱਚ COVID-19 ਦੀ ਬਿਮਾਰੀ ਦੇ ਸੰਭਾਵੀ ਜਾਂ ਪੱਕੇ ਕਰਮਚਾਰੀ ਨੇ ਕੰਮ ਕੀਤਾ, ਸਤ੍ਹਾਵਾਂ ਨੂੰ ਹੱਥ ਲਗਾਇਆ, ਆਦਿ ਜਦੋਂ ਤੱਕ ਕਿ ਖੇਤਰ ਨੂੰ ਸਾਫ ਅਤੇ ਕੀਟਾਣੂ-ਮੁਕਤ ਨਹੀਂ ਕੀਤਾ ਜਾਂਦਾ। ਚੰਗੀ ਤਰ੍ਹਾਂ ਸਫਾਈ ਅਤੇ ਕੀਟਾਣੂ-ਮੁਕਤ ਕਰਨ ਲਈ ਰੋਗ ਨਿਯੰਤ੍ਰਣ ਕੇਂਦਰ ਵੱਲੋਂ ਨਿਰਧਾਰਿਤ ਕੀਤੀਆਂ ਸਫ਼ਾਈ ਸੰਬੰਧੀ ਸੇਧਾਂ ਦੀ ਪਾਲਣਾ ਕਰੋ।
- ਰੁਜ਼ਗਾਰਦਾਤਾ ਨੂੰ ਜਦੋਂ ਹੀ ਪਤਾ ਚੱਲੇ, ਤਾਂ ਹੋਮ ਕੇਅਰ ਕਰਮਚਾਰੀਆਂ ਨੂੰ ਤੁਰੰਤ ਸੂਚਿਤ ਕਰਨਾ ਕਿ ਇਹ ਪਤਾ ਚੱਲਿਆ ਹੈ ਕਿ ਉਹਨਾਂ ਦੇ ਕੰਮ ਦੇ ਨਤੀਜੇ ਵਜੋਂ, ਉਹਨਾਂ ਦਾ ਸੰਪਰਕ ਅਜਿਹੇ ਵਿਅਕਤੀਆਂ ਨਾਲ ਰਿਹਾ ਹੈ, ਜੋ COVID ਪਾਜ਼ਿਟਿਵ ਪਾਏ ਗਏ ਹਨ।

ਕੋਈ ਕਰਮਚਾਰੀ ਅਸੁਰੱਖਿਅਤ ਕੰਮ ਕਰਨ ਤੋਂ ਮਨ੍ਹਾਂ ਕਰ ਸਕਦਾ ਹੈ, ਜਿਸ ਵਿੱਚ COVID-19 ਤੋਂ ਉਪਜੇ ਜੋਖਮ ਸ਼ਾਮਲ ਹੋਣ। ਕੋਈ ਵੀ ਹੋਮ ਕੇਅਰ ਕਰਮਚਾਰੀ ਜੋ ਮੰਨਦਾ ਹੋਵੇ ਕਿ ਉਹਨਾਂ ਦੀ ਸਥਿਤੀ ਅਸੁਰੱਖਿਅਤ ਹੈ, ਉਸ ਨੂੰ ਲਾਜ਼ਮੀ ਤੌਰ 'ਤੇ ਜਾਂ ਤਾਂ ਸਮਾਜਿਕ ਕਾਰਜਕਰਤਾ ਜਾਂ ਏਜੰਸੀ ਦੇ ਸੁਪਰਵਾਈਜ਼ਰ ਦੇ ਨਾਲ ਸੰਪਰਕ ਕਰਨਾ ਚਾਹੀਦਾ ਹੈ। RCW 49.17 ਦੇ ਤਹਿਤ ਕਿਸੇ ਵੀ ਰੁਜ਼ਗਾਰਦਾਤਾ ਲਈ ਅਜਿਹੇ ਕਰਮਚਾਰੀ ਦੇ ਵਿਰੁੱਧ ਵਿਪਰੀਤ ਕਾਰਵਾਈ ਕਰਨਾ ਗੈਰ-ਕਨੂੰਨੀ ਹੈ, ਜਿੰਨ੍ਹਾਂ ਨੇ ਕਨੂੰਨ ਦੇ ਤਹਿਤ ਮਹਿਫੂਜ਼ਤਾ-ਸੁਰੱਖਿਅਤ ਗਤੀਵਿਧੀਆਂ ਵਿੱਚ ਭਾਗ ਲਿਆ ਹੈ ਜੇਕਰ ਉਹਨਾਂ ਦੇ ਕੰਮ ਤੋਂ ਮਨ੍ਹਾਂ ਕਰਨ ਨਾਲ ਕੁਝ ਜ਼ਰੂਰਤਾਂ ਪੂਰੀਆਂ ਹੁੰਦੀਆਂ ਹਨ। ਜਾਣਕਾਰੀ ਇਹਨਾਂ ਪ੍ਰਕਾਸ਼ਨਾਂ ਵਿੱਚ ਉਪਲਬਧ ਹੈ: ਕਾਰਜਸਥਾਨ ਵਿੱਚ ਸੁਰੱਖਿਅਤ ਅਤੇ ਸਿਹਤ ਸੰਬੰਧੀ ਪੱਖਪਾਤ ਬ੍ਰੋਸ਼ਰ ਅਤੇ ਸਪੈਨਿਸ਼ ਸੁਰੱਖਿਆ ਅਤੇ ਸਿਹਤ ਸੰਬੰਧੀ ਪੱਖਪਾਤ ਬ੍ਰੋਸ਼ਰ।
ਉਹ ਕਰਮਚਾਰੀ ਜੋ ਆਪਣੇ ਆਪ ਨੂੰ ਕਿਸੇ ਕਾਰਜਖੇਤਰ ਵਿੱਚੋਂ ਹਟਾਉਂਦੇ ਹਨ, ਕਿਉਂਕਿ ਉਹ COVID-19 ਦੇ ਸੰਪਰਕ ਵਿੱਚ ਆਉਣ ਦੇ ਜੋਖਮ ਕਾਰਨ ਉਸ ਜਗ੍ਹਾਂ ਨੂੰ ਸੁਰੱਖਿਅਤ ਨਹੀਂ ਮੰਨਦੇ, ਉਹਨਾਂ ਨੂੰ ਕੁਝ ਛੁੱਟੀਆਂ ਜਾਂ ਬੇਰੁਜ਼ਗਾਰ ਸੰਬੰਧੀ ਫਾਇਦੇ ਮਿਲ ਸਕਦੇ ਹਨ। ਰੁਜ਼ਗਾਰਦਾਤਾਵਾਂ ਨੂੰ ਘੋਸ਼ਣਾ-ਪੱਤਰ 20-46 ਦੇ ਰਾਹੀਂ ਬੀਮਾਕ੍ਰਿਤ ਉੱਚ-ਜੋਖਮ ਵਾਲੇ ਵਿਅਕਤੀਆਂ ਨੂੰ ਉਪਲਬਧ ਰੁਜ਼ਗਾਰਦਾਤਾ ਵੱਲੋਂ ਗ੍ਰਾਂਟ ਕੀਤੀ ਪ੍ਰਾਪਤ ਕੀਤੀ ਛੁੱਟੀ ਜਾਂ ਬੇਰੁਜ਼ਗਾਰੀ ਦੇ ਫਾਇਦਿਆਂ ਤਾਈਂ ਉਹਨਾਂ ਦੀ ਪਸੰਦ ਦੀ ਪਹੁੰਚ ਮੁਹੱਈਆ ਕਰਨੀ ਚਾਹੀਦੀ ਹੈ ਜੇਕਰ ਕਿਸੇ ਵਿਕਲਪਿਕ ਕੰਮ ਦਾ ਬੰਬੋਬਸਤ ਨਹੀਂ ਹੋ ਸਕਦਾ। ਹੋਰਨਾਂ ਕਰਮਚਾਰੀਆਂ ਕੋਲ ਵਿਸਤਾਰਿਤ ਪਰਿਵਾਰਕ ਅਤੇ ਮੈਡੀਕਲ ਛੁੱਟੀ ਤਾਈਂ ਪਹੁੰਚ ਸਕਦੀ ਹੈ ਜੋ ਫੈਮਿਲੀਜ਼ ਫਸਟ ਕੋਰੋਨਾਵਾਇਰਸ ਰਿਸਪਾਂਸ ਐਕਟ, ਬੇਰੁਜ਼ਗਾਰੀ ਦੇ ਫਾਇਦਿਆਂ, ਜਾਂ ਹਾਲਾਤਾਂ 'ਤੇ ਨਿਰਭਰ ਕਰਦੇ ਹੋਏ ਹੋਰਨਾਂ ਭੁਗਤਾਨਯੋਗ ਛੁੱਟੀਆਂ ਵਿੱਚ ਸ਼ਾਮਲ ਹਨ। ਵਾਧੂ ਜਾਣਕਾਰੀ ਨੋਵਲ ਕੋਰੋਨਾਵਾਇਰਸ ਪ੍ਰਕੋਪ (COVID-19) ਸੰਸਾਧਨ ਅਤੇ ਵਾਸ਼ਿੰਗਟਨ Family Care Act ਅਤੇ Families First Coronavirus Response Act ਦੇ ਤਹਿਤ ਭੁਗਤਾਨਯੋਗ ਛੁੱਟੀ ਵਿੱਚ ਸ਼ਾਮਲ ਹੈ।

**ਹੋਮ ਕੇਅਰ ਕਰਮਚਾਰੀ:**
ਇਸ ਤੋਂ ਅਲਾਵਾ, ਕਰਮਚਾਰੀਆਂ ਨੂੰ ਇਹ ਕੰਮ ਵੀ ਜ਼ਰੂਰ ਕਰਨੇ ਚਾਹੀਦੇ ਹਨ:

1. ਬਿਮਾਰ ਹੋਣ 'ਤੇ ਘਰ ਰਹਿਣਾ। COVID ਪਾਜ਼ਿਟਿਵ ਹੋਣ ਦਾ ਸ਼ੱਕ ਹੋਣ ਜਾਂ ਪੱਕਾ ਹੋਣ 'ਤੇ ਰੁਜ਼ਗਾਰਦਾਤਾ ਨੂੰ ਦੱਸਣਾ।
2. ਸੁਪਰਵਾਈਜ਼ਰ ਨੂੰ ਸੂਚਿਤ ਕਰਨਾ ਜੇਕਰ ਘਰ ਵਿੱਚ COVID-19 ਤੋਂ ਬਿਮਾਰ ਕੋਈ ਵਿਅਕਤੀ ਹੈ। ਜੇਕਰ ਕਿਸੇ ਕਰਮਚਾਰੀ ਦੇ ਪਰਿਵਾਰ ਦਾ ਕੋਈ ਮੈਂਬਰ COVID-19 ਤੋਂ ਬਿਮਾਰ ਹੈ, ਤਾਂ ਉਸ ਕਰਮਚਾਰੀ ਨੂੰ ਰਾਜ ਦੇ Department of Health ਵੱਲੋਂ ਸਥਾਪਤ ਕੀਤੀਆਂ ਇਕਾਂਤਵਾਸ/ਕੁਆਰੰਟਾਈਨ ਦੀਆਂ ਜ਼ਰੂਰਤਾਂ ਦੀ ਲਾਜ਼ਮੀ ਤੌਰ 'ਤੇ ਪਾਲਣਾ ਕਰਨੀ ਚਾਹੀਦੀ ਹੈ।
3. ਕੰਮ ਵਿਖੇ ਜਾਣ 'ਤੇ ਪਹਿਲਾਂ, ਜਿਸ ਵਿਅਕਤੀ ਦੀ ਤੁਸੀਂ ਦੇਖਭਾਲ ਕਰ ਰਹੇ ਹੋ, ਉਸ ਨੂੰ ਪਹਿਲਾਂ ਤੋਂ ਫੋਨ ਕਰਕੇ ਪੁੱਛੋ ਕਿ ਜੇਕਰ ਉਹ ਬੁਖਾਰ, ਖੰਘ ਜਾਂ ਸਾਹ ਦੀ ਥੋੜ ਦੇ ਨਵੇਂ ਲੱਛਣ ਮਹਿਸੂਸ ਕਰ ਰਹੇ ਹਨ। ਜੇਕਰ ਕਰ ਰਹੇ ਹੋਣ, ਤਾਂ ਸੋਚੋ ਕਿ ਕੀ ਸੇਵਾਵਾਂ ਵਿੱਚ ਦੇਰੀ ਪਾਈ ਜਾ ਸਕਦੀ ਹੈ ਜਾਂ COVID-19 ਦੇ ਹੋਮ ਕੇਅਰ ਸੇਧਾਂ ਦੇ ਦਸਤਾਵੇਜ਼ ਵਿੱਚ ਦੱਸੀਆਂ ਸਾਵਧਾਨੀਆਂ ਦੀ ਪਾਲਣਾ ਕਰੋ।
4. ਖੁਦ ਅਤੇ ਘਰ ਵਿਚਲੇ ਦੂਜੇ ਲੋਕਾਂ ਦੇ ਵਿਚਕਾਰ ਜਿੱਥੇ ਵੀ ਸੰਭਵ ਹੋਵੇ, ਛੇ ਫੁੱਟ ਦੀ ਘੱਟੋ-ਘੱਟ ਦੂਰੀ ਬਣਾ ਕੇ ਰੱਖੋ। ਜੇਕਰ ਕਿਸੇ ਕੰਮ ਲਈ ਸਰੀਰਕ ਦੂਰੀ ਬਣਾ ਕੇ ਰੱਖਣੀ ਸੰਭਵ ਨਹੀਂ ਹੈ, ਤਾਂ ਰੋਕਥਾਮ ਦੇ ਹੋਰਨਾਂ ਉਪਰਾਲਿਆਂ ਦੀ ਵਰਤੋਂ ਕਰੋ ਜਿਵੇਂ ਮੂੰਹ ਨੂੰ ਢਕਣ ਵਾਲੇ ਕੱਪੜਿਆਂ ਜਾਂ PPE ਦੀ ਵਰਤੋਂ।
5. ਆਪਣੀ ਸ਼ਿਫਟ ਦੇ ਸ਼ੁਰੂਆਤ ਅਤੇ ਅੰਤ ਵਿੱਚ ਅਤੇ ਖਾਣਾ ਬਣਾਉਣ ਜਾਂ ਸਰੀਰ ਦੇ ਤਰਲਾਂ ਦੇ ਸੰਪਰਕ ਵਿੱਚ ਆਉਣ ਤੋਂ ਪਹਿਲਾਂ ਅਤੇ ਬਾਅਦ ਵਿੱਚ ਹੱਥਾਂ ਨੂੰ ਵਾਰ-ਵਾਰ ਧੋਵੋ। ਹੱਥਾ ਨੂੰ ਸਾਬਣ ਅਤੇ ਪਾਣੀ ਨਾਲ ਘੱਟੋ-ਘੱਟ 20 ਸਕਿੰਟਾਂ ਲਈ ਧੋਵੋ ਜਾਂ ਐਲਕੋਹਲ-ਅਧਾਰਤ ਹੈਂਡ ਸੈਨੀਟਾਈਜ਼ਰ ਦੀ ਵਰਤੋਂ ਕਰੋ ਜਿਸ ਵਿੱਚ ਘੱਟੋ-ਘੱਟ 60% ਐਲਕੋਲ ਹੋਵੇ।

6. ਘਰ ਵਿੱਚ ਸਤ੍ਹਾਵਾਂ ਅਤੇ ਚੀਜਾਂ ਨੂੰ ਜਿੰਨਾਂ ਹੋ ਸਕੇ ਹੱਥ ਲਗਾਉਣ ਤੋਂ ਪਰਹੇਜ਼ ਕਰੋ। ਕੰਮ ਕਰਨ ਵੇਲੇ ਅਕਸਰ ਹੱਥ ਲੱਗਣ ਵਾਲੀਆਂ ਸਤ੍ਹਾਵਾਂ ਨੂੰ ਧੋਵੋ।

**ਵਿਅਕਤੀਗਤ ਕਲਾਇੰਟ ਰੁਜ਼ਗਾਰਦਾਤਾ ਜੋ ਆਪਣੇ ਖੁਦ ਦੇ ਘਰ ਵਿੱਚ ਸੇਵਾਵਾਂ ਮੁਹੱਈਆ ਕਰਨ ਲਈ ਹੋਮ ਕੇਅਰ ਕਰਮਚਾਰੀ ਨੂੰ ਨਿਯੁਕਤ ਕਰੇ:**

7. ਕਲਾਇੰਟ ਦੇ ਘਰ ਵਿਚਲੇ ਕ੍ਵਾਰੰਟਾਈਨ, ਬਿਮਾਰ, ਜਾਂ COVID-19 ਨਾਲ ਸੰਬੰਧਤ ਲੱਛਣਾਂ ਦੇ ਵਿਕਸਤ ਹੋਣ ’ਤੇ ਹੋਮ ਕੇਅਰ ਕਰਮਚਾਰੀ ਨੂੰ ਸੰਪਰਕ ਕਰੋ।
8. ਜਦੋਂ ਹੋਮ ਕੇਅਰ ਕਰਮਚਾਰੀ ਬਿਮਾਰ ਹੋਵੇ ਜਾਂ ਦਿਖੇ, ਤਾਂ ਉਹਨਾਂ ਲਈ ਇਹ ਜ਼ਰੂਰੀ ਬਣਾਓ ਕਿ ਉਹ ਓਨਾਂ ਚਿਰ ਨਾ ਕੰਮ ਕਰਨ ਜਦ ਤੱਕ ਠੀਕ ਨਾ ਹੋ ਜਾਣ।
9. ਹੋਮ ਕੇਅਰ ਕਰਮਚਾਰੀ ਦੇ ਮੌਜੂਦ ਹੋਣ ’ਤੇ ਹੱਥਾਂ ਨੂੰ ਵਾਰ-ਵਾਰ ਧੋਵੋ।
10. ਜਦੋਂ ਵੀ ਸੰਭਵ ਹੋਵੇ, ਹੋਮ ਕੇਅਰ ਕਰਮਚਾਰੀ ਤੋਂ ਘੱਟੋ-ਘੱਟ ਛੇ ਫੁੱਟ ਦੀ ਦੂਰੀ ਬਣਾਓ ਅਤੇ ਹੋਮ ਕੇਅਰ ਕਰਮਚਾਰੀ ਦੇ ਕਰੀਬ ਘੱਟ ਸਮਾਂ ਬਿਤਾਓ।

**ਕਾਰਜਖੇਤਰ ਸੰਬੰਧੀ ਸੇਧਾਂ**

11. ਕੋਈ ਵੀ ਵਿਅਕਤੀ ਜੋ ਮੌਜੂਦ ਹੋਵੇ ਅਤੇ ਹੋਮ ਕੇਅਰ ਸੇਵਾਵਾਂ ਦੇ ਮੁਹੱਈਆ ਕੀਤੇ ਜਾਣ ਦੇ ਦੌਰਾਨ ਮਾਸਕ ਪਹਿਨਣ ਦੇ ਯੋਗ ਹੋਵੇ, ਉਸ ਨੂੰ ਭਾਈਚਾਰੇ ਵਿੱਚ ਇਸ ਦੇ ਫੈਲਣ ਦੇ ਜੋਖਮ ਨੂੰ ਘੱਟ ਕਰਨ ਲਈ ਘੱਟੋ-ਘੱਟ ਕੱਪੜੇ ਨਾਲ ਮੂੰਹ ਢਕਣਾ ਚਾਹੀਦਾ ਹੈ। ਅਜਿਹੇ ਵਿਅਕਤੀਆਂ ਨੂੰ ਸਾਰੀਆਂ PPE ਜ਼ਰੂਰਤਾਂ ਦੀ ਵੀ ਸਖਤੀ ਨਾਲ ਪਾਲਣਾ ਕਰਨ ਲਈ ਉਤਸਾਹਿਤ ਕੀਤਾ ਜਾਂਦਾ ਹੈ। ਜਿੱਥੇ ਵੀ ਸੰਭਵ ਹੋਵੇ, ਘਰੇਲੂ ਕਰਮਚਾਰੀ ਦੇ ਕੰਮ ਕਰਨ ਵੇਲੇ ਘਰ ਵਿੱਚ ਮੌਜੂਦ ਵਿਅਕਤੀਆਂ ਨੂੰ ਘਰੇਲੂ ਕਰਮਚਾਰੀ ਤੋਂ ਦੂਰ ਦੇ ਖੇਤਰਾਂ ਵਿੱਚ ਚਲੇ ਜਾਣਾ ਚਾਹੀਦਾ ਹੈ ਅਤੇ ਛੋਟੇ ਕਮਰਿਆਂ ਤੋਂ ਵੱਡੇ ਕਮਰਿਆਂ ਵਿੱਚ ਚਲੇ ਜਾਣਾ ਚਾਹੀਦਾ ਹੈ ਤਾਂ ਜੋ ਘਰੇਲੂ ਕਰਮਚਾਰੀ ਦੇ ਸੰਬੰਧ ਵਿੱਚ ਵਧੇਰੀ ਸਰੀਰਕ ਦੂਰੀ ਬਣਾਈ ਜਾ ਸਕੇ। ਹੋ ਸਕਦਾ ਹੈ ਕਿ ਕਾਰਜਖੇਤਰ ਵਿਚਲੇ ਵਿਅਕਤੀ ਬੌਧਿਕ, ਵਿਕਾਸਤਾਮਕ, ਜਾਂ ਕਾਰਜਾਮਤਕ ਅਯੋਗਤਾਵਾਂ ਦੇ ਕਾਰਨ ਕੱਪੜੇ ਨਾਲ ਮੂੰਹ ਢਕਣ ਅਤੇ/ਜਾਂ PPE ਦੀ ਵਰਤੋਂ ਦੀ ਪਾਲਣਾ ਕਰਨ ਦੇ ਯੋਗ ਨਾ ਹੋਣ, ਜਾਂ ਉਹਨਾਂ ਨੂੰ ਪਾਲਣਾ ਕਰਨ ਦੀ ਜ਼ਰੂਰਤ ਨਾ ਹੋਵੇ।
12. ਗੱਲਬਾਤ ਥੋੜ੍ਹੇ ਸਮੇਂ ਲਈ ਹੀ ਕਰੋ। ਜੇਕਰ ਤਕਨੀਕ ਦੇ ਰਾਹੀਂ ਜ਼ਰੂਰੀ ਵੇਰਵਿਆਂ ’ਤੇ ਗੱਲਬਾਤ ਨਹੀਂ ਕੀਤੀ ਜਾ ਸਕਦੀ, ਤਾਂ ਆਮ੍ਹਣੇ-ਸਾਮ੍ਹਣੇ ਹੋ ਕੇ ਥੋੜ੍ਹੀ ਹੀ ਗੱਲਬਾਤ ਕਰੋ ਅਤੇ ਕਿਸੇ ਵੀ ਸੰਵਾਦ ਦੇ ਦੌਰਾਨ ਛੇ ਫੁੱਟ ਦੀ ਦੂਰੀ ਬਣਾ ਕੇ ਰੱਖੋ। ਹੋ ਸਕਦਾ ਹੈ ਕਿ ਕਾਰਜਖੇਤਰ ਵਿਚਲੇ ਵਿਅਕਤੀ ਬੌਧਿਕ, ਵਿਕਾਸਤਾਮਕ, ਜਾਂ ਕਾਰਜਾਮਤਕ ਅਯੋਗਤਾਵਾਂ ਦੇ ਕਾਰਨ ਦੂਰੀ ਅਤੇ ਸਮੇਂ ਦੀਆਂ ਜ਼ਰੂਰਤਾਂ ਦੀ ਪਾਲਣਾ ਕਰਨ ਦੇ ਯੋਗ ਨਾ ਹੋਣ, ਜਾਂ ਉਹਨਾਂ ਨੂੰ ਪਾਲਣਾ ਕਰਨ ਦੀ ਜ਼ਰੂਰਤ ਨਾ ਹੋਵੇ।
13. ਕਾਰਜਖੇਤਰ ਜਾਂ ਘਰ ਵਿੱਚ ਟਿਸ਼ੂ ਜਾਂ ਟ੍ਰੈਸ਼ਕੈਨ ਲਾਜ਼ਮੀ ਤੌਰ ’ਤੇ ਉਪਲਬਧ ਕਰਵਾਏ ਜਾਣੇ ਚਾਹੀਦੇ ਹਨ।
14. ਰੁਜ਼ਗਾਰਦਾਤਾ ਕਰਮਚਾਰੀਆਂ ਨੂੰ ਕਿਸੇ ਕਾਰਜਖੇਤਰ ਵਿੱਚੋਂ ਉਹਨਾਂ ਦੇ ਹਟਣ ਦੇ ਅਧਿਕਾਰ ਦੇ ਬਾਰੇ ਦੱਸਣਗੇ ਜੇਕਰ ਉਹਨਾਂ ਨੂੰ ਉਹ ਸੁਰੱਖਿਅਤ ਨਹੀਂ ਲੱਗਦਾ, ਅਤੇ ਇਹਨਾਂ ਮਾਮਲਿਆਂ ਵਿੱਚ ਛੁੱਟੀ ਅਤੇ ਬੇਰੁਜ਼ਗਾਰੀ ਦੇ ਫਾਇਦਿਆਂ ਦੀ ਉਹਨਾਂ ਦੀ ਸੰਭਾਵਨਾ ਅਤੇ ਪਹੁੰਚ ਬਾਰੇ ਵੀ ਦੱਸਣਗੇ।
15. ਜੇਕਰ ਕਿਸੇ ਘਰੇਲੂ ਕਰਮਚਾਰੀ ਵੱਲੋਂ ਕੋਈ ਵਾਧੂ ਕਾਰਜ ਪੂਰੇ ਕੀਤੇ ਜਾਣ ਦੀ ਆਸ ਕੀਤੀ ਜਾਂਦੀ ਹੈ, ਜਿਵੇਂ ਕਿ ਵਾਰ-ਵਾਰ ਸਫਾਈ ਅਤੇ ਰੋਗਾਣੂ-ਮੁਕਤ ਕਰਨਾ, ਤਾਂ ਇਸ ਨੂੰ ਲਿਖਤ ਸਮਝੌਤੇ ਵਿੱਚ ਦਰਾਇਆ ਜਾਣਾ ਚਾਹੀਦਾ ਹੈ ਅਤੇ ਕਰਮਚਾਰੀਆਂ ਨੂੰ ਕੀਤੇ ਗਏ ਕੰਮ ਦੇ ਸਮੇਂ ਲਈ ਲਾਜ਼ਮੀ ਤੌਰ ’ਤੇ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ।
16. ਔਨ-ਸਾਈਟ ਕਰਮਚਾਰੀਆਂ ਦੀ ਸਾਰੀ ਸਿਖਲਾਈ ਭੁਗਤਾਨਯੋਗ ਸਮੇਂ ਦੇ ਦੌਰਾਨ ਹੋਣੀ ਚਾਹੀਦੀ ਹੈ।
17. ਜਦੋਂ ਵੀ ਸੰਭਵ ਹੋਵੇ, ਕਰਮਚਾਰੀ ਕੰਮ ਦੀਆਂ ਥਾਵਾਂ ’ਤੇ ਵੱਖ-ਵੱਖ ਹੋ ਕੇ ਜਾਣਗੇ ਅਤੇ ਇੱਕ ਵਾਹਨ ਵਿੱਚ ਇੱਕ ਹੀ ਵਿਅਕਤੀ ਬੈਠੇਗਾ।
18. ਜੇਕਰ ਕਰਮਚਾਰੀ ਕਿਸੇ ਕੇਂਦਰੀ ਟਿਕਾਣੇ ’ਤੇ ਮਿਲਦੇ ਹਨ ਅਤੇ ਕੰਪਨੀ ਵਾਲੇ ਵਾਹਨਾਂ ਵਿੱਚ ਨੌਕਰੀ ਦੀ ਥਾਂ ’ਤੇ ਜਾਂਦੇ ਹਨ, ਤਾਂ ਇੱਕ ਸਮੂਹ ਲਈ ਇੱਕ ਵਾਹਨ ਦੀ ਵਰਤੋਂ ਕਰੋ ਅਤੇ ਇਸ ਵਿੱਚ ਬਦਲਾਵ ਨਾ ਕਰੋ। ਕੰਪਨੀ ਦੇ ਵਾਹਨਾਂ ਜਾਂ ਮਲਟੀ-ਆਕੁਪੈਂਸੀ ਦੇ ਵਾਹਨ ਵਿੱਚ ਸਫਰ ਵਾਹਨ ਦੀ 50% ਸਮਰੱਥਾ ਤੱਕ ਸੀਮਿਤ ਹੋਵੇਗਾ ਅਤੇ ਕੋਰੋਨਾਵਾਇਰਸ ਮੂੰਹ ਨੂੰ ਢਕਣ ਅਤੇ ਮਾਸਕ ਪਹਿਨਣ ਸੰਬੰਧੀ ਜ਼ਰੂਰਤਾਂ ਵਿੱਚ ਦੱਸੀਆਂ ਸਮਾਜਕ ਦੂਰੀ ਅਤੇ PPE ਦੀਆਂ ਜ਼ਰੂਰਤਾਂ ਦੀ ਪਾਲਣਾ ਕਰਨਾ ਲਾਜ਼ਮੀ ਹੋਵੇਗਾ।

ਜਦੋਂ ਵੀ ਲਾਗੂ ਹੋਵੇ, ਕਰਮਚਾਰੀ ਦੀ ਸੁਰੱਖਿਆ ਅਤੇ ਸਿਹਤ ਨੂੰ ਲੈ ਕੇ ਸਮੱਸਿਆਵਾਂ L&I's Division of Occupational Safety and Health (DOSH) ਦੇ ਤਹਿਤ ਕਨੂੰਨੀ ਕਾਰਵਾਈ ਦੇ ਤਹਿਤ ਹਨ।

- ਕਰਮਚਾਰੀ L&I's Division of Occupational Safety and Health (DOSH) ਤੋਂ COVID-19 ਦੀ ਰੋਕਥਾਮ ਸੰਬੰਧੀ ਸਲਾਹ ਅਤੇ ਮਦਦ ਦੀ ਬੇਨਤੀ ਕਰ ਸਕਦੇ ਹਨ।
- ਕਰਮਚਾਰੀ ਕਾਰਜਸਥਾਨ ਸੁਰੱਖਿਆ ਅਤੇ ਸਿਹਤ ਸ਼ਿਕਾਇਤਾਂ ਨੂੰ L&I DOSH ਸੁਰੱਖਿਆ ਕਾਲ ਸੈਂਟਰ ਵਿਖੇ ਜਮ੍ਹਾਂ ਕੀਤਾ ਜਾ ਸਕਦਾ ਹੈ: (1-800-423-7233) ਜਾਂ ਈਮੇਲ ਰਾਹੀਂ adag235@lni.wa.gov.
- ਇਕਰਾਰਨਾਮੇ ਦੀਆਂ ਪ੍ਰਣਾਲੀਆਂ ਦੀ ਪਾਲਣਾ ਕਿਵੇਂ ਕਰਨੀ ਹੈ, ਇਸ ਸੰਬੰਧੀ ਆਮ ਸਵਾਲ ਵਪਾਰਕ ਪ੍ਰਤੀਕਿਰਿਆ ਕੇਂਦਰ ਵਿਖੇ ਇੱਥੇ ਜਮ੍ਹਾਂ ਕੀਤੇ ਜਾ ਸਕਦੇ ਹਨ https://coronavirus.wa.gov/how-you-can-help/covid-19-business-and-worker-inquiries।
- ਘੋਸ਼ਣਾ-ਪੱਤਰ 20-25 ਨਾਲ ਜੁੜੀਆਂ ਹੋਰ ਸਾਰੀਆਂ ਉਲੰਘਣਾਵਾਂ ਨੂੰ https://bit.ly/covid-compliance 'ਤੇ ਜਮ੍ਹਾਂ ਕੀਤਾ ਜਾ ਸਕਦਾ ਹੈ।